# ਕੇਰਨ ਕਾਉਂਟੀ ਸਬਬੇਸਿਨ ਪ੍ਰੋਬੇਸ਼ਨਰੀ ਸੁਣਵਾਈ



## ਕੇਰਨ ਕਾਉਂਟੀ ਸਬਬੇਸਿਨ ਨੂੰ ਪ੍ਰੋਬੇਸ਼ਨਰੀ ਬੇਸਿਨ ਵਜੋਂ ਨਾਮਜ਼ਦ ਕਰਨ ਦੇ ਪ੍ਰਸਤਾਵ ਲਈ ਜਨਤਕ ਸੁਣਵਾਈ

20 ਫਰਵਰੀ, 2025

CALIFORNIA
Water Boards

ਸਥਿਰ ਧਰਤੀ ਹੇਠਲੇ ਪਾਣੀ ਪ੍ਰਬੰਧਨ ਦਾ ਦਫ਼ਤਰ

# Language Interpretation In Person

## Interpretación en persona

## ਵਿਅਕਤੀਗਤ ਤੌਰ 'ਤੇ ਪੰਜਾਬੀ ਭਾਸ਼ਾ ਵਿੱਚ ਵਿਆਖਿਆ

Please visit the table outside this room for a headset or if you have technical difficulties.

---

Diríjase a la mesa fuera de esta sala para solicitar un auricular o si tiene dificultades técnicas.

---

ਇਸ ਕਮਰੇ ਦੇ ਬਾਹਰ ਮੇਜ਼ 'ਤੇ ਜਾਓ ਜੇਕਰ ਤੁਹਾਨੂੰ ਹੈੱਡਸੈੱਟ ਦੀ ਲੋੜ ਹੈ ਜਾਂ ਤੁਹਾਨੂੰ ਕੋਈ ਤਕਨੀਕੀ ਮੁਸ਼ਕਲ ਪੇਸ਼ ਆ ਰਹੀ ਹੈ।



# Opción de Interpretación en Zoom

- Seleccione el icono de interpretación desde los controles de la pantalla
- Seleccione español (*Spanish*)
- Seleccione la opción para poner el audio original en silencio (*Mute Original Audio*)

# Language Interpretation through Zoom

- Click the Interpretation icon in your meeting controls
- Select Spanish OR English OR Punjabi
- Mute Original Audio







# ਜ਼ੂਮ ਰਾਹੀਂ ਭਾਸ਼ਾ ਅਨੁਵਾਦ

- ਆਪਣੇ ਮੀਟਿੰਗ ਕੰਟਰੋਲਾਂ ਵਿੱਚ ਅਨੁਵਾਦ ("Interpretation") ਆਈਕਨ ਤੇ ਕਲਿੱਕ ਕਰੋ
- ਸਪੈਨਿਸ਼ ਜਾਂ ਅੰਗਰੇਜ਼ੀ ਜਾਂ ਪੰਜਾਬੀ ਚੁਣੋ
- ਮੂਲ ਆਡੀਓ ਨੂੰ ਮਿਊਟ (ਆਵਾਜ਼ ਬੰਦ) ਕਰੋ




To view slides in your preferred language, click on "Presentation in English," "Presentación en español,“ or "Presentation in Punjabi" at the top of the screen.

Para ver las diapositivas en su idioma preferido, haga clic en “Presentation in English”, “Presentación en español”, o “Presentation in Punjabi” en la parte superior de la pantalla.

ਸਲਾਈਡਾਂ ਨੂੰ ਆਪਣੀ ਪਸੰਦੀਦਾ ਭਾਸ਼ਾ ਵਿੱਚ ਦੇਖਣ ਲਈ, ਸਕ੍ਰੀਨ ਦੇ ਉੱਪਰ "Presentation in English," "Presentación en español," or "Presentation in Punjabi" 'ਤੇ ਕਲਿੱਕ ਕਰੋ।

For technical assistance, email

Board.Clerk@waterboards.ca.gov

Si necesita ayuda técnica, envíe un mensaje electrónico a

Board.Clerk@waterboards.ca.gov

ਤਕਨੀਕੀ ਸਹਾਇਤਾ ਲਈ, ਇਸ ਵੈੱਬਸਾਈਟ 'ਤੇ ਈਮੇਲ ਕਰੋ

Board.Clerk@waterboards.ca.gov

# ਸੁਣਵਾਈ ਏਜੰਡਾ

1. ਚੁਣੇ ਹੋਏ ਅਧਿਕਾਰੀਆਂ ਜਾਂ ਕੈਲੀਫੋਰਨੀਆ ਦੇ ਮੂਲ ਅਮਰੀਕੀ ਕਬੀਲਿਆਂ ਦੁਆਰਾ ਟਿੱਪਣੀਆਂ
2. ਰਾਜ ਜਲ ਬੋਰਡ ਦੇ ਸਟਾਫ਼ ਦੀ ਪੇਸ਼ਕਾਰੀ
3. ਕੇਰਨ ਕਾਉਂਟੀ ਸਬਬੇਸਿਨ GSAs ਪੈਨਲ ਪੇਸ਼ਕਾਰੀ
4. ਜਨਤਕ ਟਿੱਪਣੀਆਂ ਅਤੇ ਪੈਨਲ
5. ਬੋਰਡ ਚਰਚਾ ਅਤੇ ਮਤੇ 'ਤੇ ਸੰਭਾਵੀ ਵੋਟ

# ਕੇਰਨ ਕਾਉਂਟੀ ਸਬਬੇਸਿਨ ਪ੍ਰੋਬੇਸ਼ਨਰੀ ਸੁਣਵਾਈ

## ਕੇਰਨ ਕਾਉਂਟੀ ਸਬਬੇਸਿਨ ਨੂੰ ਪ੍ਰੋਬੇਸ਼ਨਰੀ ਬੇਸਿਨ ਵਜੋਂ ਨਾਮਜ਼ਦ ਕਰਨ ਦੇ ਪ੍ਰਸਤਾਵ ਲਈ ਜਨਤਕ ਸੁਣਵਾਈ

20 ਫਰਵਰੀ, 2025



CALIFORNIA
Water Boards

ਸਥਿਰ ਧਰਤੀ ਹੇਠਲੇ ਪਾਣੀ ਪ੍ਰਬੰਧਨ ਦਾ ਦਫ਼ਤਰ

# ਸਟਾਫ਼ ਦੀ ਪੇਸ਼ਕਾਰੀ

1. ਰਾਜ ਜਲ ਬੋਰਡ SGMA ਦਖ਼ਲਅੰਦਾਜ਼ੀ ਸੰਬੰਧੀ ਬੁਨਿਆਦੀ ਗੱਲਾਂ
2. ਕੇਰਨ ਕਾਊਂਟੀ ਸਬਬੇਸਿਨ ਪਿਛੋਕੜ
3. SGMA ਪ੍ਰਕਿਰਿਆ ਕੇਰਨ ਕਾਊਂਟੀ ਸਬਬੇਸਿਨ ਵਿੱਚ
4. ਸਥਿਰਤਾ ਯੋਜਨਾ ਵਿੱਚ ਕਮੀਆਂ ਅਤੇ ਭਵਿੱਖੀ ਪ੍ਰਭਾਵਾਂ ਦੀ ਸੰਭਾਵਨਾ
5. ਕੇਰਨ ਕਾਊਂਟੀ ਸਬਬੇਸਿਨ ਦੀ ਮੌਜੂਦਾ ਸਥਿਤੀ
6. ਬੋਰਡ ਲਈ ਸਟਾਫ਼ ਦੀਆਂ ਸਿਫ਼ਾਰਸ਼ਾਂ
    - ਵਿਚਾਰ ਲਈ ਦੋ ਵਿਕਲਪ - ਪ੍ਰੋਬੇਸ਼ਨ ਜਾਂ ਸੁਣਵਾਈ ਜਾਰੀ ਰੱਖਣਾ
    - ਅਗਲੇ ਕਦਮ
    - ਰਾਜ ਦੇ ਦਖਲ ਨੂੰ ਖਤਮ ਕਰਨ ਲਈ ਬੋਰਡ ਦੇ ਵਿਚਾਰ



# ਰਾਜ ਜਲ ਬੋਰਡ SGMA ਦਖ਼ਲਅੰਦਾਜ਼ੀ ਸੰਬੰਧੀ ਬੁਨਿਆਦੀ ਗੱਲਾਂ

# ਕੈਲੀਫੋਰਨੀਆ ਦੇ 80%

ਲੋਕ ਆਪਣੀ ਪਾਣੀ ਸਪਲਾਈ ਦੇ ਕੁਝ ਹਿੱਸੇ ਲਈ

## ਧਰਤੀ ਹੇਠਲੇ ਪਾਣੀ

'ਤੇ ਨਿਰਭਰ ਕਰਦੇ ਹਨ




ਸਰੋਤ: ਕੈਲੀਫੋਰਨੀਆ ਜਲ ਯੋਜਨਾ ਅੱਪਡੇਟ 2013

# ਸੋਕੇ ਦੀ ਗੰਭੀਰਤਾ




ਸਰੋਤ: NOAA ਵੱਲੋਂ PDSI

ਸਰੋਤ: NOAA




16 ਸਤੰਬਰ, 2014

SGMA

ਸਰੋਤ: ਕੈਲੀਫੋਰਨੀਆ ਵਿੱਚ ਸੋਕੇ ਸੰਬੰਧੀ ਨਿਗਰਾਨੀ

# ਟਿਕਾਊ ਧਰਤੀ ਹੇਠਲੇ ਪਾਣੀ ਲਈ ਪ੍ਰਬੰਧਨ ਐਕਟ




## SGMA ਬੇਸਿਨਾਂ ਲਈ ਸ਼ਰਤਾਂ:

- ਧਰਤੀ ਹੇਠਲਾ ਪਾਣੀ ਸਥਿਰਤਾ ਏਜੰਸੀਆਂ
- ਧਰਤੀ ਹੇਠਲਾ ਪਾਣੀ ਸਥਿਰਤਾ ਯੋਜਨਾਵਾਂ
  - ਟਿਕਾਊ ਪ੍ਰਬੰਧਨ ਸੰਬੰਧੀ ਮਾਪਦੰਡ
- ਸਾਲਾਨਾ ਰਿਪੋਰਟਾਂ
- GSPs ਲਈ ਪੰਜ-ਸਾਲ ਦੇ ਅੱਪਡੇਟ
- 2040/2042 ਤੱਕ ਸਥਿਰਤਾ ਟੀਚਾ ਪ੍ਰਾਪਤ ਕਰੋ

# SGMA ਅਧੀਨ ਸਥਿਰਤਾ ਕੀ ਹੈ?

**ਬੇਸਿਨ ਆਪਣੀ *ਸਥਿਰ ਉਪਜ* ਦੇ ਅੰਦਰ ਚਲਦਾ ਹੈ ਅਤੇ *ਅਣਚਾਹੇ ਨਤੀਜਿਆਂ* ਦਾ ਅਨੁਭਵ ਨਹੀਂ ਕਰਦਾ ਹੈ, ਜੋ ਕਿ ਮਹੱਤਵਪੂਰਨ ਅਤੇ ਗੈਰ-ਵਾਜਬ ਘਟਨਾਵਾਂ ਹਨ:**



ਧਰਤੀ ਹੇਠਲੇ ਪਾਣੀ ਦੇ ਪੱਧਰ ਵਿੱਚ ਗਿਰਾਵਟ

ਪਾਣੀ ਦੇ ਭੰ ਾਰਨ ਵਿੱਚ ਕਮੀ

ਸਮੁੰਦਰੀ ਪਾਣੀ ਦਾ ਦਾਖਲ ਹੋਣਾ

ਗੁਣਵੱਤਾ ਵਿੱਚ ਗਿਰਾਵਟ

ਜ਼ਮੀਨ ਧਸਣਾ

ਸਤਹੀ ਪਾਣੀ ਦੀ ਕਮੀ

**..ਧਰਤੀ ਹੇਠਲੇ ਪਾਣੀ ਦੀਆਂ ਸਥਿਤੀਆਂ ਕਾਰਨ ਪੂਰੇ ਬੇਸਿਨ ਵਿੱਚ ਇਹ ਸਮੱਸਿਆ ਪੈਦਾ ਹੋ ਰਹੀ ਹੈ।**

**GSAs ਨੂੰ 2015 ਤੋਂ ਪਹਿਲਾਂ ਆਉਣ ਵਾਲੇ ਅਣਚਾਹੇ ਨਤੀਜਿਆਂ ਨੂੰ ਹੱਲ ਕਰਨ ਲਈ ਦੀ ਜ਼ਰੂਰਤ ਨਹੀਂ ਹੈ**

# GSP ਸਮੀਖਿਆ ਪ੍ਰਕਿਰਿਆ: DWR ਅਤੇ ਰਾਜ ਜਲ ਬੋਰਡ ਦੀਆਂ ਭੂਮਿਕਾਵਾਂ



# GSP ਸਮੀਖਿਆ ਪ੍ਰਕਿਰਿਆ: DWR ਅਤੇ ਰਾਜ ਜਲ ਬੋਰਡ ਦੀਆਂ ਭੂਮਿਕਾਵਾਂ

ਜੇਕਰ ਜ਼ਰੂਰਤ ਹੋਵੇ

**ਅਖਤਿਆਰੀ**
ਬੋਰਡ ਬੇਸਿਨ ਨੂੰ ਪ੍ਰੋਬੇਸ਼ਨ 'ਤੇ ਰੱਖਦਾ ਹੈ

ਜੇਕਰ ਜ਼ਰੂਰਤ ਹੋਵੇ

**ਅਖਤਿਆਰੀ**
ਬੋਰਡ ਅੰਤਰਿਮ ਯੋਜਨਾ ਤਿਆਰ ਕਰਦਾ ਹੈ

ਜੇਕਰ ਜ਼ਰੂਰਤ ਹੋਵੇ

**ਅਖਤਿਆਰੀ**
ਬੋਰਡ ਅੰਤਰਿਮ ਯੋਜਨਾ ਦੀ ਸੁਣਵਾਈ ਕਰਦਾ ਹੈ

**ਅਖਤਿਆਰੀ ਕਦਮ**

ਜੇਕਰ ਬੋਰਡ ਹੇਠਾਂ ਦਿੱਤੇ ਕਦਮਾ ਨਹੀਂ ਚੁੱਕਦਾ ਹੈ, ਤਾਂ:

1) ਬੇਸਿਨ ਬੋਰਡ ਨਾਲ ਕਾਰਵਾਈ ਦੀ ਉਡੀਕ ਕਰ ਰਿਹਾ ਹੈ
2) ਬੋਰਡ DWR ਨੂੰ ਬੇਸਿਨ ਵਾਪਸ ਕਰਦਾ ਹੈ

# ਪ੍ਰੋਬੇਸ਼ਨਰੀ ਸੁਣਵਾਈ

- ਇੱਕ ਟਰਿਗਰਿੰਗ ਇਵੈਂਟ ਦੀ ਜ਼ਰੂਰਤ ਹੈ (ਜਿਵੇਂ ਕਿ DWR ਦੁਆਰਾ "ਅਢੁਕਵੀਂ ਯੋਜਨਾ" ਖੋਜ)
- ਅਖਤਿਆਰੀ
- ਜਨਤਕ ਪ੍ਰਕਿਰਿਆ
- ਬੋਰਡ ਯੋਜਨਾ ਦੀਆਂ ਕਮੀਆਂ ਦੀ ਪਛਾਣ ਕਰਦਾ ਹੈ ਅਤੇ ਉਹਨਾਂ ਨੂੰ ਠੀਕ ਕਰਨ ਲਈ ਸੰਭਾਵੀ ਕਾਰਵਾਈਆਂ ਕਰਦਾ ਹੈ
- ਫੈਸਲਾ ਕੀਤਾ ਗਿਆ ਹੈ



# ਪ੍ਰੋਬੇਸ਼ਨਰੀ ਸੁਣਵਾਈ ਦੇ ਨਤੀਜੇ

- ਬੋਰਡ ਇਸਦੀ ਚੋਣ ਕਰ ਸਕਦਾ ਹੈ
  - ਬੇਸਿਨ ਨੂੰ ਪ੍ਰੋਬੇਸ਼ਨਰੀ ਘੋਸ਼ਿਤ ਕਰਨ ਅਤੇ ਰਿਪੋਰਟ ਕਰਨ ਸੰਬੰਧੀ ਜ਼ਰੂਰਤਾਂ ਨਿਰਧਾਰਤ ਕਰਨ ਵਾਲਾ ਮਤਾ ਅਪਣਾਉਣਾ, ਜਾਂ
  - ਸੁਣਵਾਈ ਜਾਰੀ ਰੱਖਣਾ, ਇੱਕ ਨਿਰਧਾਰਤ ਸਮੇਂ ਲਈ ਅੰਤਿਮ ਫੈਸਲੇ ਨੂੰ ਮੁਲਤਵੀ ਕਰਨਾ, ਜਾਂ
  - ਬੇਸਿਨ ਨੂੰ ਵਾਪਸ DWR ਦੀ ਨਿਗਰਾਨੀ ਹੇਠ ਕਰਨਾ
- ਪ੍ਰੋਬੇਸ਼ਨਰੀ ਨਾਮਜ਼ਦਗੀ ਨੂੰ ਭਵਿੱਖ ਵਿੱਚ ਸੋਧਿਆ ਜਾ ਸਕਦਾ ਹੈ
  - ਬਾਹਰ ਰੱਖਣ ਲਈ
  - ਜ਼ਰੂਰਤਾਂ ਨੂੰ ਅੱਪਡੇਟ ਕਰਨ ਲਈ
  - ਕਮੀਆਂ ਨੂੰ ਸੋਧਣ ਲਈ



# ਪ੍ਰੋਬੇਸ਼ਨ: ਮੁੱਖ ਗੱਲਾਂ

- ਸਿਰਫ਼ ਉਦੋਂ ਤੱਕ ਚੱਲਦਾ ਹੈ, ਜਦੋਂ ਤੱਕ GSAs ਨੂੰ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਲੱਗਦਾ ਹੈ
- GSA ਅਧਿਕਾਰੀਆਂ ਨੂੰ ਸੀਮਿਤ ਨਹੀਂ ਕਰਦੀ
- ਐਕਸਟਰੈਕਟਾਂ ਨੇ ਰਿਪੋਰਟ ਕਰਨਾ ਅਤੇ ਫੀਸਾਂ ਦਾ ਭੁਗਤਾਨ ਕਰਨਾ ਸ਼ੁਰੂ ਕਰ ਦਿੱਤਾ
- ਇਸ ਪੜਾਅ 'ਤੇ ਕੋਈ ਬੋਰਡ-ਲੋੜੀਂਦੀ ਪੰਪਿੰਗ ਸੀਮਾਵਾਂ ਨਹੀਂ ਹਨ
- ਜੇਕਰ 1 ਸਾਲ ਬਾਅਦ ਮੁੱਦੇ ਹੱਲ ਨਹੀਂ ਕੀਤੇ ਜਾਂਦੇ ਹਨ,
  ਤਾਂ ਬੋਰਡ ਇੱਕ ਅੰਤਰਿਮ ਯੋਜਨਾ ਵਿਕਸਿਤ
  ਅਤੇ ਅਪਣਾ ਸਕਦਾ ਹੈ



# ਕੇਰਨ ਕਾਉਂਟੀ ਸਬ-ਬੇਸਿਨ ਪਿਛੋਕੜ



# ਕੇਰਨ ਕਾਉਂਟੀ ਸਬਬੇਸਿਨ: ਭੌਤਿਕ ਸਥਿਤੀ






# ਕੇਰਨ ਕਾਉਂਟੀ ਸਬਬੇਸਿਨ: ਜਲ-ਵਿਗਿਆਨਕ ਸਥਿਤੀ




ਚਿੱਤਰ ਸਰੋਤ: 2024 ਕੇਰਨ ਕਾਉਂਟੀ ਸਬਬੇਸਿਨ GSP ਤੋਂ ਬਾਅਦ ਸੋਧਿਆ ਗਿਆ

## ਤਿੰਨ ਮੁੱਖ ਜਲਭੰਡਾਰ

### ਪ੍ਰਮੁੱਖ ਜਲੋੜ੍ਹ ਜਲਭੰਡਾਰ

- ਗੈਰ-ਸੰਯੁਕਤ ਗੈਰ-ਸਮੁੰਦਰੀ ਜਮ੍ਹਾਂ
- ਅਸੀਮਤ, ਅਰਧ-ਸੀਮਤ ਅਤੇ ਸੀਮਤ

### ਸਾਂਤਾ ਮਾਰਗਰੀਟਾ ਜਲਭੰਡਾਰ*:

- ਸਮੁੰਦਰੀ ਜਮ੍ਹਾਂ
- ਸੀਮਤ

### ਓਲਸੀਸੀ ਜਲਭੰਡਾਰ*:

- ਸਮੁੰਦਰੀ ਜਮ੍ਹਾਂ
- ਸੀਮਤ

*ਸਿਰਫ਼ ਸਬਬੇਸਿਨ ਦੇ ਪੂਰਬੀ ਹਿੱਸੇ ਵਿੱਚ*

# ਕੇਰਨ ਕਾਉਂਟੀ ਉਪ-ਬੇਸਿਨ: ਲਾਭਦਾਇਕ ਵਰਤੋਂ

## ਧਰਤੀ ਹੇਠਲੇ ਪਾਣੀ ਦੀ ਵਰਤੋਂ

- ਸ਼ਹਿਰੀ ਸਪਲਾਈ
  - ਪੀਣ ਵਾਲੇ ਪਾਣੀ ਅਤੇ ਘਰਾਂ ਵਿੱਚ ਵਰਤੋਂ
  - ਵਪਾਰਕ ਅਤੇ ਨਗਰਪਾਲਿਕਾ ਵਰਤੋਂ
  - ਬਾਗਬਾਨੀ
- ਖੇਤੀਬਾੜੀ ਸਪਲਾਈ
- ਪ੍ਰਬੰਧਿਤ ਰੀਚਾਰਜ (ਮੁੜ-ਭਰਨਾ)
- ਉਦਯੋਗਿਕ ਸਪਲਾਈ

## ਧਰਤੀ ਹੇਠਲਾ ਪਾਣੀ ਕੱਢਣਾ

**ਪਾਣੀ ਸਾਲ 2022 (ਨਾਜ਼ੁਕ ਸਥਿਤੀ)**
**ਕੁੱਲ: 2,343,630 ਏਕੜ-ਫੁੱਟ**




**ਜਲ ਸਾਲ 2023 (ਵਰਖਾ ਵਾਲਾ)**
**ਕੁੱਲ: 925,464 ਏਕੜ-ਫੁੱਟ**




ਡੇਟਾ ਸਰੋਤ: ਕੇਰਨ ਕਾਉਂਟੀ ਸਬਬੇਸਿਨ ਸਾਲਾਨਾ ਰਿਪੋਰਟਾਂ ਪਾਣੀ ਸਾਲ 2022 ਅਤੇ ਪਾਣੀ ਸਾਲ 2023

# ਕੇਰਨ ਕਾਉਂਟੀ ਸਬਬੇਸਿਨ: ਧਰਤੀ ਹੇਠਲੇ ਪਾਣੀ ਦਾ ਵੱਧ ਵਰਤੋਂ

ਕੇਰਨ ਕਾਉਂਟੀ ਸਬਬੇਸਿਨ - ਧਰਤੀ ਹੇਠਲੇ ਪਾਣੀ ਦੀ ਡੂੰਘਾਈ ਵਿੱਚ ਤਬਦੀਲੀ (ਬਸੰਤ 1948 – ਬਸੰਤ 2024)




ਪਾਣੀ ਦੇ ਪੱਧਰ ਦੇ ਡੇਟਾ ਦਾ ਸਰੋਤ: DWR ਦੁਆਰਾ ਸਮੇਂ-ਸਮੇਂ 'ਤੇ ਕੀਤੇ ਗਏ ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਮਾਪ

**ਲੰਬੇ ਸਮੇਂ ਲਈ ਟਿਕਾਊ ਉਤਪਾਦਨ:**
1,312,218 ਏਕੜ-ਫੁੱਟ ਪ੍ਰਤੀ ਸਾਲ

**ਔਸਤਨ ਧਰਤੀ ਹੇਠਲੇ ਪਾਣੀ ਨੂੰ ਕੱਢਣਾ:**
1,586,417 ਏਕੜ-ਫੁੱਟ ਪ੍ਰਤੀ ਸਾਲ

**ਔਸਤਨ ਭੰਡਾਰਨ ਵਿੱਚ ਗਿਰਾਵਟ:**
274,200 ਏਕੜ-ਫੁੱਟ ਪ੍ਰਤੀ ਸਾਲ

ਅਨੁਮਾਨ WY 1995-2014 ਦੇ ਡੇਟਾ 'ਤੇ ਆਧਾਰਿਤ ਹਨ

ਸਰੋਤ: 2024 ਕੇਰਨ ਕਾਉਂਟੀ ਸਬਬੇਸਿਨ GSP

# ਹਾਲੀਆ ਜ਼ਮੀਨ ਧਸਣ ਦਾ ਡੇਟਾ






# ਹਾਲੀਆ ਜ਼ਮੀਨ ਧਸਣ ਦਾ ਡੇਟਾ




| **2015 ਤੋਂ ਜ਼ਮੀਨ ਧਸਣ (ਫੁੱਟ)** | >0.5 | >1 | >2.5 | >5 |
|---|---|---|---|---|
| **ਕੁੱਲ ਖੇਤਰਫਲ (ਵਰਗ ਮੀਲ)** | 4,959 | 3,256 | 1,384 | 258 |

# ਬਾਕੀ ਧਸਣ

ਜ਼ਮੀਨ ਧਸਣ ਦੀ ਪ੍ਰਕਿਰਿਆ ਨੂੰ ਦਰਸਾਉਣਾ
ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਦ੍ਰਿਸ਼ਾਂ ਦੀਆਂ ਉਦਾਹਰਣਾਂ

- ਸੁਧਾਰ ਦਾ ਦ੍ਰਿਸ਼
- ਨਾਜ਼ੁਕ ਪਾਣੀ ਦੇ ਪੱਧਰ ਤੋਂ 50 ਫੁੱਟ ਉੱਪਰ
- ਨਾਜ਼ੁਕ ਪਾਣੀ ਦੇ ਪੱਧਰ ਤੋਂ 20 ਫੁੱਟ ਉੱਪਰ
- ਨਾਜ਼ੁਕ ਪਾਣੀ ਦੇ ਪੱਧਰ
- 2015 ਦੇ ਪਾਣੀ ਦੇ ਪੱਧਰ ਦਾ ਦ੍ਰਿਸ਼
- ਪੁਰਾਣੇ ਸਮੇਂ ਵਿੱਚ ਪਾਣੀ ਦੇ ਸਭ ਤੋਂ ਘੱਟ ਪੱਧਰ ਦੀ ਦ੍ਰਿਸ਼




SGMA ਪ੍ਰਕਿਰਿਆ ਵਿੱਚ
ਕੇਰਨ ਕਾਉਂਟੀ ਸਬ-ਬੇਸਿਨ

# ਕੇਰਨ ਕਾਉਂਟੀ ਸਬਬੇਸਿਨ: GSAs ਅਤੇ GSPs

## 20 ਧਰਤੀ ਹੇਠਲੇ ਪਾਣੀ ਦੀ ਸਥਿਰਤਾ ਏਜੰਸੀਆਂ (GSAs)

## 7 ਧਰਤੀ ਹੇਠਲੇ ਪਾਣੀ ਦੀ ਸਥਿਰਤਾ ਯੋਜਨਾਵਾਂ (GSPs)




| GSA | GSP |
|---|---|
| ਅਰਵਿਨ GSA | ਕੇਰਨ ਕਾਉਂਟੀ ਸਬਬੇਸਿਨ GSP |
| ਕਾਵੇਲੋ ਜਲ ਜ਼ਿਲ੍ਹਾ GSA | |
| ਕੇਰਨ ਗੈਰ-ਜ਼ਿਲ੍ਹਾਬੱਧ ਭੂਮੀ ਅਧਿਕਾਰ GSA | |
| ਕੇਰਨ ਨਦੀ GSA | |
| ਕੇਰਨ ਜਲ ਬੈਂਕ GSA | |
| ਗ੍ਰੀਨਫੀਲਡ ਕਾਉਂਟੀ ਜਲ ਜ਼ਿਲ੍ਹਾ GSA | |
| ਉੱਤਰੀ ਕੇਰਨ ਜਲ ਭੰਡਾਰ ਜ਼ਿਲ੍ਹਾ GSA | |
| ਪਾਇਨੀਅਰ GSA | |
| **ਰੋਜ਼ਡੇਲ-ਰੀਓ ਬ੍ਰਾਵੋ ਜਲ ਭੰਡਾਰ ਜ਼ਿਲ੍ਹਾ GSA** | |
| ਸ਼ਾਫਟਰ-ਵਾਸਕੋ ਸਿੰਜਾਈ ਜ਼ਿਲ੍ਹਾ GSA | |
| ਦੱਖਣੀ ਸੈਨ ਜੋਆਕੁਇਨ ਨਗਰਪਾਲਿਕਾ ਉਪਯੋਗਤਾ ਜ਼ਿਲ੍ਹਾ GSA | |
| ਤੇਜੋਨ-ਕਾਸਟੈਕ ਜਲ ਜ਼ਿਲ੍ਹਾ GSA | |
| ਪੱਛਮੀ ਕੇਰਨ ਜਲ ਜ਼ਿਲ੍ਹਾ GSA | |
| ਵ੍ਹੀਲਰ ਰਿਜ-ਮੈਰੀਕੋਪਾ GSA | |
| ਬਿਊਨਾ ਵਿਸਟਾ ਜਲ ਭੰਡਾਰ ਜ਼ਿਲ੍ਹਾ GSA | ਕੇਰਨ ਕਾਉਂਟੀ ਸਬਬੇਸਿਨ GSP ਦੇ ਨਾਲ "ਨੀਲੇ ਪੰਨਿਆਂ" 'ਤੇ GSA-ਵਿਸ਼ੇਸ਼ ਜਾਣਕਾਰੀ |
| ਹੈਨਰੀ ਮਿਲਰ ਜਲ ਜ਼ਿਲ੍ਹਾ GSA | |
| ਕੇਰਨ-ਟੁਲਾਰੇ ਜਲ ਜ਼ਿਲ੍ਹਾ GSA | |
| ਓਲਸੀਜ਼ ਜਲ ਜ਼ਿਲ੍ਹਾ GSA | |
| ਸੈਮੀਟ੍ਰੋਪਿਕ ਜਲ ਭੰਡਾਰ ਜ਼ਿਲ੍ਹਾ GSA | |
| **ਵੈਸਟਸਾਈਡ ਜ਼ਿਲ੍ਹਾ ਜਲ ਅਥਾਰਟੀ GSA** | |

# ਕੇਰਨ ਕਾਉਂਟੀ ਸਬਬੇਸਿਨ SGMA ਇਤਿਹਾਸ



# ਸ਼ਮੂਲੀਅਤ ਅਤੇ ਜਨਤਕ ਇਨਪੁੱਟ

## ਜੁਲਾਈ 2024 ਤੋਂ




- ਸਟਾਫ ਵਰਕਸ਼ਾਪਾਂ - ਵਰਚੁਅਲ ਅਤੇ ਵਿਅਕਤੀਗਤ ਤੌਰ 'ਤੇ, ਸਪੈਨਿਸ਼ ਅਤੇ ਪੰਜਾਬੀ ਵਿਆਖਿਆ ਦੇ ਨਾਲ
- ਜਨਤਕ ਟਿੱਪਣੀ ਦੀ ਮਿਆਦ - ਅੰਤਿਮ ਸਟਾਫ਼ ਰਿਪੋਰਟ ਵਿੱਚ ਸੰਬੋਧਿਤ ਕੀਤੀਆਂ ਟਿੱਪਣੀਆਂ
- ਕੈਲੀਫੋਰਨੀਆ ਦੇ ਮੂਲ ਅਮਰੀਕੀ ਕਬੀਲਿਆਂ ਨੂੰ ਸਲਾਹ-ਮਸ਼ਵਰੇ ਦੀ ਪੇਸ਼ਕਸ਼ ਕੀਤੀ
- ਬੇਨਤੀ ਕੀਤੇ ਜਾਣ 'ਤੇ, ਵਿਚਾਰ-ਵਟਾਂਦਰੇ

# ਰਾਜ ਜਲ ਬੋਰਡ ਦੀ ਅੰਤਿਮ ਸਟਾਫ ਰਿਪੋਰਟ

**ਅੰਤਿਮ ਸਟਾਫ ਰਿਪੋਰਟ ਦੇ ਤੱਤ:**

- 2024 ਦੇ ਡਰਾਫਟ GSPs ਵਿੱਚ ਕਮੀਆਂ,  ਇਸ ਨਾਲ ਸੰਬੰਧਿਤ ਹਨ:
  - ਸਬਬੇਸਿਨ ਅਤੇ GSAs ਵਿੱਚ ਤਾਲਮੇਲ
  - ਧਰਤੀ ਹੇਠਲੇ ਪਾਣੀ ਦੇ ਪੱਧਰਾਂ ਦਾ ਲਗਾਤਾਰ ਘਟਣਾ
  - ਜ਼ਮੀਨ ਧਸਣਾ
  - ਪਾਣੀ ਦੀ ਗੁਣਵੱਤਾ ਵਿੱਚ ਗਿਰਾਵਟ
  - ਆਪਸ ਵਿੱਚ ਜੁੜੇ ਸਤਹ ਦੇ ਪਾਣੀ ਦੀ ਕਮੀ
- 2024 ਦੇ ਅੰਤਿਮ GSPs ਦਾ ਸ਼ੁਰੂਆਤੀ ਮੁਲਾਂਕਣ
- ਕਮੀਆਂ ਨੂੰ ਦੂਰ ਕਰਨ ਲਈ ਸੰਭਾਵੀ ਕਾਰਵਾਈਆਂ
- ਡ੍ਰਾਫ਼ਟ ਸਟਾਫ਼ ਰਿਪੋਰਟ 'ਤੇ ਜਨਤਕ ਟਿੱਪਣੀਆਂ ਦੇ ਜਵਾਬ (ਅੰਤਿਕਾ ਸੀ)

# 2024 GSPs ਦੀ ਬੋਰਡ ਸਮੀਖਿਆ

## 2024 ਦੇ ਡਰਾਫਟ GSPs ਦੀ ਪੂਰੀ ਸਮੀਖਿਆ
## 2024 ਦੇ ਅੰਤਿਮ GSPs ਦੀ ਮੁੱਢਲੀ ਸਮੀਖਿਆ

- ਕਮੀ ਨੂੰ ਦੂਰ ਕੀਤਾ ਜਾਪਦਾ ਹੈ
- ਕਮੀ ਨੂੰ ਅੰਸ਼ਕ ਤੌਰ 'ਤੇ ਦੂਰ ਕੀਤਾ ਜਾਪਦਾ ਹੈ
- ਕਮੀ ਨੂੰ ਦੂਰ ਕੀਤਾ ਨਹੀਂ ਜਾਪਦਾ

# ਯੋਜਨਾ ਦੀਆਂ ਕਮੀਆਂ – ਤਾਲਮੇਲ



# ਤਾਲਮੇਲ ਦੀ ਕਮੀ
## ਸੰਭਾਵੀ ਨਤੀਜੇ

- ਸਬ-ਬੇਸਿਨ ਅਤੇ GSAs ਵਿੱਚ ਤਾਲਮੇਲ ਦੀ ਕਮੀ ਸਬ-ਬੇਸਿਨ ਦੀ ਸਥਿਰਤਾ ਵੱਲ ਪ੍ਰਗਤੀ ਨੂੰ ਰੋਕਦੀ ਹੈ।

# ਕਮੀਆਂ - ਤਾਲਮੇਲ

| | ਕਮੀ | ਸੰਭਾਵੀ ਕਾਰਵਾਈ |
|---|---|---|
| ✓ | 1. ਅਣਚਾਹੇ ਨਤੀਜਿਆਂ ਅਤੇ ਟਿਕਾਊ ਪ੍ਰਬੰਧਨ ਮਾਪਦੰਡਾਂ ਦਾ ਤਾਲਮੇਲ ਨਹੀਂ ਕੀਤਾ ਜਾਂਦਾ। | ਅਗਲੇਰੀ ਕਾਰਵਾਈ ਦੀ ਲੋੜ ਨਹੀਂ ਹੈ। |
| i | 2. ਤਾਲਮੇਲ ਸਮਝੌਤੇ, GSPs ਅਤੇ ਪ੍ਰਬੰਧਨ ਖੇਤਰ ਯੋਜਨਾਵਾਂ ਵਿੱਚ ਤਾਲਮੇਲ ਲਾਗੂ ਕਰਨ ਲਈ ਲੋੜੀਂਦੇ ਮੁੱਖ ਵੇਰਵਿਆਂ ਦੀ ਘਾਟ ਹੈ। | ਉਹਨਾਂ ਵਿਧੀਆਂ ਨੂੰ ਸੋਧੋ ਜਿੰਨ੍ਹਾਂ ਦੇ ਨਤੀਜੇ ਵਜੋਂ GSA ਅਤੇ HCM ਖੇਤਰ ਦੀਆਂ ਸੀਮਾਵਾਂ ਵਿੱਚ ਅਨੁਕੂਲ ਟਿਕਾਊ ਪ੍ਰਬੰਧਨ ਮਾਪਦੰਡ ਹੁੰਦੇ ਹਨ। |
| ✗ | 3. GSAs ਨੇ ਬੇਸਿਨ-ਵਿਆਪਕ ਪ੍ਰਬੰਧਨ ਦਾ ਪ੍ਰਦਰਸ਼ਨ ਨਹੀਂ ਕੀਤਾ ਹੈ। | ਇਹ ਸੁਨਿਸ਼ਚਿਤ ਕਰੋ ਕਿ GSAs ਕੋਲ ਆਪਣੇ ਪ੍ਰਬੰਧਨ ਖੇਤਰਾਂ ਦੇ ਅੰਦਰ SGMA ਨੂੰ ਲਾਗੂ ਕਰਨ ਲਈ ਉਚਿਤ ਅਧਿਕਾਰ ਹਨ। |

# ਯੋਜਨਾ ਦੀਆਂ ਕਮੀਆਂ – ਧਰਤੀ ਹੇਠਲੇ ਪਾਣੀ ਦੇ ਪੱਧਰ



# ਧਰਤੀ ਹੇਠਲੇ ਪਾਣੀ ਦੇ ਘਟਦੇ ਪੱਧਰ

## ਸੰਭਾਵੀ ਨਤੀਜੇ

- **ਖੂਹਾਂ ਦੇ ਸੁੱਕਣ ਜਾਂ ਉਨ੍ਹਾਂ ਦੀ ਉਤਪਾਦਕਤਾ ਨੂੰ ਘੱਟ ਕਰਕੇ ਪੀਣ ਵਾਲੇ ਪਾਣੀ ਦੇ ਸਰੋਤਾਂ ਲਈ ਖ਼ਤਰਾ ਪੈਦਾ ਕਰਦਾ ਹੈ**
  - 2024 ਦੇ ਅੰਤਿਮ GSPs ਪ੍ਰਤੀ ਸਾਲ ਵੱਧ ਤੋਂ ਵੱਧ 15 ਘਰੇਲੂ ਖੂਹਾਂ ਜਾਂ 2040 ਤੱਕ 255 ਘਰੇਲੂ ਖੂਹਾਂ (ਲਗਭਗ 23% ਵਰਤੋਂ ਯੋਗ ਘਰੇਲੂ ਖੂਹਾਂ ਦਾ) ਸੁੱਕਣ ਦੀ ਇਜਾਜ਼ਤ ਦਿੰਦੇ ਹਨ।
  - GSAs ਪ੍ਰਭਾਵਿਤ ਖੂਹਾਂ ਦੀ ਮੁਰੰਮਤ ਜਾਂ ਨਵਿਆਉਣ ਦੀ ਯੋਜਨਾ ਬਣਾਉਂਦੇ ਹਨ।
  - ਖੂਹ ਮਿਟੀਗੇਸ਼ਨ (ਧਰਤੀ ਹੇਠਲੇ ਪਾਣੀ 'ਤੇ ਨਕਾਰਾਤਮਕ ਪ੍ਰਭਾਵਾਂ ਨੂੰ ਘਟਾਉਣ ਸੰਬੰਧੀ) ਯੋਜਨਾ ਦੀ ਵਿਹਾਰਕਤਾ ਅਸਪਸ਼ਟ ਹੈ ਕਿਉਂਕਿ ਖੂਹ ਪ੍ਰਭਾਵ ਅਤੇ ਫੰਡਿੰਗ ਦੇ ਅਨੁਮਾਨ ਪਾਣੀ ਦੇ ਪੱਧਰ ਦੀ ਨਿਗਰਾਨੀ ਨੈਟਵਰਕ 'ਤੇ ਨਿਰਭਰ ਕਰਦੇ ਹਨ, ਜੋ ਕਿ ਘਰੇਲੂ ਖੂਹਾਂ ਦੀ ਢੁਕਵੀਂ ਪ੍ਰਤੀਨਿਧਤਾ ਨਹੀਂ ਕਰ ਸਕਦਾ।
- **ਪੰਪਿੰਗ ਦੀ ਊਰਜਾ ਲਾਗਤ ਵਿੱਚ ਵਾਧਾ**
- **ਸਭ ਲਈ ਪਾਣੀ ਦੀਆਂ ਲਾਗਤਾਂ ਵਿੱਚ ਵਾਧਾ**
- **ਧਸਣ ਦਾ ਕਾਰਨ ਬਣ ਸਕਦਾ ਹੈ ਅਤੇ ਪਾਣੀ ਦੀ ਗੁਣਵੱਤਾ ਨੂੰ ਘਟਾ ਸਕਦਾ ਹੈ।**

# ਕੇਰਨ ਕਾਉਂਟੀ ਸਬਬੇਸਿਨ: ਘਰੇਲੂ ਖੂਹ

## ਸੁੱਕੇ ਘਰੇਲੂ ਖੂਹਾਂ ਦੀ ਸੰਭਾਵਿਤਤਾ







**ਖੁੱਲ੍ਹੇ: 215**

**ਸੁੱਕੇ ਖੂਹਾਂ ਦੀ ਰਿਪੋਰਟ ਕੀਤੀ ਗਈ:**

- 2022 ਵਿੱਚ 13
- 2023 ਵਿੱਚ 6
- 2024 ਵਿੱਚ ਕੋਈ ਵੀ ਨਹੀਂ

ਸਰੋਤ:
DWR ਦੁਆਰਾ ਸੁੱਕੇ ਘਰੇਲੂ ਖੂਹਾਂ ਦੀ ਸੰਭਾਵਿਤਤਾ

# ਕਮੀਆਂ - ਧਰਤੀ ਹੇਠਲੇ ਪਾਣੀ ਦਾ ਪੱਧਰ

| | ਕਮੀ | ਸੰਭਾਵੀ ਕਾਰਵਾਈ |
|---|---|---|
| ✓ | 1a. ਅਣਚਾਹੇ ਨਤੀਜੇ ਲਾਭਦਾਇਕ ਵਰਤੋਂ ਅਤੇ ਉਪਭੋਗਤਾਵਾਂ ਲਈ ਸੁਰੱਖਿਅਤ ਨਹੀਂ ਹਨ। | ਅਗਲੇਰੀ ਕਾਰਵਾਈ ਦੀ ਲੋੜ ਨਹੀਂ ਹੈ। |
| ✗ | 1b. ਟਿਕਾਊ ਪ੍ਰਬੰਧਨ ਮਾਪਦੰਡ SGMA ਦੀਆਂ ਜ਼ਰੂਰਤਾਂ ਦੇ ਅਨੁਸਾਰ ਸਥਾਪਤ ਨਹੀਂ ਕੀਤੇ ਗਏ ਹਨ। | ਹਾਈਡ੍ਰੋਜਿਓਲੋਜੀਕਲ ਸਥਿਤੀਆਂ ਵਿੱਚ ਹੋਣ ਵਾਲੀਆਂ ਤਬਦੀਲੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਘੱਟੋ-ਘੱਟ ਸੀਮਾਵਾਂ ਨਿਰਧਾਰਤ ਕਰੋ ਇਹ ਸਾਬਤ ਕਰੋ ਕਿ ਘੱਟੋ-ਘੱਟ ਸੀਮਾਵਾਂ ਸੁਰੱਖਿਆ ਲਈ ਪੂਰੀ ਤਰ੍ਹਾਂ ਕਾਫ਼ੀ ਹਨ। |
| ✗ | 2a. ਧਰਤੀ ਹੇਠਲੇ ਪਾਣੀ ਦੇ ਪੱਧਰ ਦੀ ਨਿਗਰਾਨੀ ਦਾ ਨੈੱਟਵਰਕ ਅਧੂਰਾ ਹੈ। | ਨਿਗਰਾਨੀ ਨੈੱਟਵਰਕ ਵਿੱਚ ਸੋਧ ਕਰੋ ਅਤੇ ਨਿਗਰਾਨੀ ਖੂਹਾਂ ਦੇ ਬਣਾਉਣ ਦੇ ਵੇਰਵੇ ਵੀ ਸ਼ਾਮਲ ਕਰੋ। |
| i | 2b. ਖੂਹ ਪ੍ਰਭਾਵ ਮਿਟੀਗੇਸ਼ਨ ਯੋਜਨਾ ਅਧੂਰੀ ਹੈ। | ਖੂਹ ਪ੍ਰਭਾਵ ਵਿਸ਼ਲੇਸ਼ਣ ਨੂੰ ਅਪਡੇਟ ਕਰੋ ਅਤੇ ਖੂਹ ਪ੍ਰਭਾਵ ਮਿਟੀਗੇਸ਼ਨ ਯੋਜਨਾ ਦੀ ਸੰਭਾਵਨਾ ਦਾ ਮੁੜ-ਮੁਲਾਂਕਣ ਕਰੋ। |

# ਕਮੀਆਂ - ਧਰਤੀ ਹੇਠਲੇ ਪਾਣੀ ਦਾ ਪੱਧਰ, ਜਾਰੀ

| | ਕਮੀ | ਸੰਭਾਵੀ ਕਾਰਵਾਈ |
|---|---|---|
| ℹ | 3. GSPs ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਲਗਾਤਾਰ ਘਟਣ ਨੂੰ ਰੋਕਣ ਲਈ ਇੱਕ ਸੰਭਵ ਰਸਤਾ ਨਹੀਂ ਦੱਸਦੇ। | ਪ੍ਰਸਤਾਵਿਤ ਸਪਲਾਈ ਵਧਾਉਣ ਵਾਲੇ ਪ੍ਰੋਜੈਕਟਾਂ ਦੀ ਸੰਭਾਵਨਾ ਦਾ ਮੁਲਾਂਕਣ ਕਰੋ।<br>ਪਾਣੀ ਦੇ ਬਜਟਾਂ ਦਾ ਮੁੜ-ਮੁਲਾਂਕਣ ਕਰੋ ਅਤੇ ਮੰਗ ਪ੍ਰਬੰਧਨ ਯੋਜਨਾਵਾਂ ਵਿੱਚ ਵੇਰਵੇ ਸ਼ਾਮਲ ਕਰੋ। |
| ✖ | 4. ਧਰਤੀ ਹੇਠਲੇ ਪਾਣੀ ਦੇ ਭੰਡਾਰਨ ਦੇ ਟਿਕਾਊ ਪ੍ਰਬੰਧਨ ਮਾਪਦੰਡਾਂ ਨੂੰ SGMA ਦੀਆਂ ਜ਼ਰੂਰਤਾਂ ਦੇ ਅਨੁਸਾਰ ਪਰਿਭਾਸ਼ਿਤ ਨਹੀਂ ਕੀਤਾ ਗਿਆ ਹੈ। | ਅਣਚਾਹੇ ਨਤੀਜੇ ਨੂੰ ਗਿਣਾਤਮਕ ਤੌਰ 'ਤੇ ਧਰਤੀ ਹੇਠਲੇ ਪਾਣੀ ਦੀ ਮਾਤਰਾ ਵਜੋਂ ਪਰਿਭਾਸ਼ਿਤ ਕਰੋ ਜੋ ਮਹੱਤਵਪੂਰਨ ਅਤੇ ਗੈਰ-ਵਾਜਬ ਪ੍ਰਭਾਵ ਪੈਦਾ ਕੀਤੇ ਬਿਨਾਂ ਕੱਢੀ ਜਾ ਸਕਦੀ ਹੈ। |

# ਯੋਜਨਾ ਦੀਆਂ ਕਮੀਆਂ – ਜ਼ਮੀਨ ਧਸਣ



# ਜ਼ਮੀਨ ਧਸਣਾ
## ਸੰਭਾਵੀ ਨਤੀਜੇ

- ਗਰੈਵਿਟੀ-ਅਧਾਰਿਤ ਪਾਣੀ ਦੇ ਆਵਾਜਾਈ ਦੀ ਸਮਰੱਥਾ ਘਟਾਉਂਦਾ ਹੈ
  - ਸਤਹੀ ਪਾਣੀ ਦੀ ਸਪਲਾਈ ਘਟਾਉਂਦਾ ਹੈ ਅਤੇ ਹੜ੍ਹਾਂ ਦੇ ਜੋਖਮ ਨੂੰ ਵਧਾਉਂਦਾ ਹੈ
  - ਕੈਲੀਫੋਰਨੀਆ ਜਲ-ਭੰਡਾਰ ਅਤੇ ਫ੍ਰੀਐਂਟ-ਕੇਰਨ ਨਦੀ
- ਡੂੰਘੇ ਖੂਹਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ
- ਸੜਕਾਂ, ਉਪਯੋਗਤਾਵਾਂ ਅਤੇ ਪਾਈਪਲਾਈਨਾਂ ਵਰਗੇ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਾਉਂਦਾ ਹੈ
- ਧਰਤੀ ਹੇਠਲੇ ਜਲਭੰਡਾਰਾਂ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਾਉਂਦਾ ਹੈ
- ਪਾਣੀ ਦੀ ਗੁਣਵੱਤਾ ਵਿੱਚ ਗਿਰਾਵਟ ਦਾ ਕਾਰਨ ਬਣ ਸਕਦਾ ਹੈ

# 2015 ਤੋਂ ਜ਼ਮੀਨ ਧਸਣ

**InSAR ਤੋਂ ਜ਼ਮੀਨ ਧਸਣ**
**ਜੂਨ 2015 ਤੋਂ ਅਕਤੂਬਰ 2024**




- > -3 ਫ੍ਰੁੱਟ
- -3 ਤੋਂ –2.5 ਫ੍ਰੁੱਟ
- -2.5 ਤੋਂ -2 ਫ੍ਰੁੱਟ
- -2 ਤੋਂ –1.5 ਫ੍ਰੁੱਟ
- -1.5 ਤੋਂ -1 ਫ੍ਰੁੱਟ
- -1 ਤੋਂ -.5 ਫ੍ਰੁੱਟ
- < -.5ਫ੍ਰੁੱਟ




**ਕੇਰਨ ਕਾਉਂਟੀ ਸਬਬੇਸਿਨ ਵਿੱਚ ਵੱਧ ਤੋਂ ਵੱਧ ਧਸਣ**
**ਜੂਨ 2015- ਅਕਤੂਬਰ 2024: -2.60 ਫ੍ਰੁੱਟ**

# ਕਮੀਆਂ – ਧਸਣ

| | ਕਮੀ | ਸੰਭਾਵੀ ਕਾਰਵਾਈ |
|---|---|---|
|  | 1a. ਅਣਚਾਹੇ ਨਤੀਜੇ ਮਾੜੇ ਢੰਗ ਨਾਲ ਦੱਸੇ ਗਏ ਹਨ, ਗੁੰਝਲਦਾਰ ਤਰੀਕੇ ਨਾਲ ਅਵਿਵਹਾਰਕ ਹਨ, ਅਤੇ ਇਕਸਾਰ ਢੰਗ ਨਾਲ ਲਾਗੂ ਨਹੀਂ ਕੀਤੇ ਗਏ ਹਨ। | ਦੱਸੋ ਕਿ GSAs ਕਿਵੇਂ ਉਨ੍ਹਾਂ ਖੇਤਰਾਂ ਵਿੱਚ GSA ਅਤੇ ਗੈਰ-GSA ਕਾਰਨ ਹੋਣ ਵਾਲੀ ਧਸਣ ਨੂੰ ਮਾਪਣ ਦੀ ਯੋਜਨਾ ਬਣਾਉਂਦੇ ਹਨ ਜਿੱਥੇ GSA ਅਤੇ ਗੈਰ-GSA ਦੋਵੇਂ ਗਤੀਵਿਧੀਆਂ ਜ਼ਿੰਮੇਵਾਰ ਹਨ। |
|  | 1b. ਟਿਕਾਊ ਪ੍ਰਬੰਧਨ ਮਾਪਦੰਡ SGMA ਦੀਆਂ ਜ਼ਰੂਰਤਾਂ ਦੇ ਅਨੁਸਾਰ ਸਥਾਪਤ ਨਹੀਂ ਕੀਤੇ ਗਏ ਸਨ। | ਇਹ ਸੁਨਿਸ਼ਚਿਤ ਕਰੋ ਕਿ ਮਾਪਣਯੋਗ ਉਦੇਸ਼ ਅਤੇ ਘੱਟੋ-ਘੱਟ ਸੀਮਾ ਦਰਾਂ ਆਪਣੀਆਂ ਹੱਦਾਂ ਤੋਂ ਵੱਧ ਨਾ ਹੋਣ, ਅਤੇ ਇਹ ਕਿ ਅੰਤਰਿਮ ਮੀਲਪੱਥਰ ਘੱਟੋ-ਘੱਟ ਸੀਮਾਵਾਂ ਨੂੰ ਪਾਰ ਨਾ ਕਰਨ। |
|  | 2. GSPs ਲਾਗੂ ਕਰਨ ਦੇ ਢੁਕਵੇਂ ਵੇਰਵੇ ਪ੍ਰਦਾਨ ਨਹੀਂ ਕਰਦੇ। | ਜਦੋਂ ਧਸਣ ਪਰਿਭਾਸ਼ਿਤ ਸੀਮਾਵਾਂ ਨੂੰ ਪਾਰ ਕਰ ਜਾਵੇ ਤਾਂ ਲੋੜੀਂਦੀਆਂ ਪ੍ਰਬੰਧਨ ਕਾਰਵਾਈਆਂ ਨੂੰ ਚਾਲੂ ਕਰਨ ਲਈ ਇੱਕ ਯੋਜਨਾ ਤਿਆਰ ਕਰੋ।<br>ਸਪਸ਼ਟ ਮੈਟ੍ਰਿਕਸ ਅਤੇ ਫੰਡਿੰਗ ਸਰੋਤਾਂ ਦੇ ਨਾਲ ਬੁਨਿਆਦੀ ਢਾਂਚਾ ਮਿਟੀਗੇਸ਼ਨ ਪ੍ਰੋਗਰਾਮ ਤਿਆਰ ਕਰੋ। |


ਯੋਜਨਾ ਦੀਆਂ ਕਮੀਆਂ –
ਧਰਤੀ ਹੇਠਲੇ ਪਾਣੀ ਦੀ ਗੁਣਵੱਤਾ

# ਧਰਤੀ ਹੇਠਲੇ ਪਾਣੀ ਦੀ ਗੁਣਵੱਤਾ ਵਿੱਚ ਗਿਰਾਵਟ
## ਸੰਭਾਵੀ ਨਤੀਜੇ

- ਪੁਰਾਣੀ ਬਿਮਾਰੀ ਹੋ ਸਕਦੀ ਹੈ, ਜਿਸ ਦੇ ਨਤੀਜੇ ਵਜੋਂ ਮੌਤ ਹੋ ਸਕਦੀ ਹੈ
- ਪਾਣੀ ਵਿੱਚੋਂ ਗੰਦੀ ਬਦਬੂ ਜਾਂ ਸੁਆਦ ਪੈਦਾ ਕਰ ਸਕਦਾ ਹੈ।
- ਸਿੰਜਾਈ ਵਾਲੇ ਪਾਣੀ ਨੂੰ ਫ਼ਸਲਾਂ ਲਈ ਢੁਕਵਾਂ ਨਹੀਂ ਬਣਾ ਸਕਦਾ।
- ਪਾਣੀ ਦਾ ਸ਼ੁੱਧੀਕਰਨ ਕਰਨਾ ਮੁਸ਼ਕਿਲ ਅਤੇ ਬਹੁਤ ਮਹਿੰਗਾ ਹੋ ਸਕਦਾ ਹੈ।
- ਵਿਕਲਪਕ ਪਾਣੀ ਸਰੋਤ ਦੀ ਲੋੜ ਹੋ ਸਕਦੀ ਹੈ

# ਪਾਣੀ ਦੀ ਗੁਣਵੱਤਾ: ਲਾਭਦਾਇਕ ਵਰਤੋਂ ਲਈ ਸੰਭਾਵੀ ਪ੍ਰਭਾਵ

## ਖਤਰੇ ਵਿੱਚ ਘਰੇਲੂ ਖੂਹਾਂ ਦੇ ਸਥਾਨ




- 1044 ਘਰੇਲੂ ਖੂਹ ਅਤੇ 29 ਰਾਜ ਛੋਟੇ ਜਲ ਪ੍ਰਣਾਲੀਆਂ ਧਰਤੀ ਹੇਠਲੇ ਪਾਣੀ ਦੇ ਪ੍ਰਬੰਧਨ ਦੁਆਰਾ ਪ੍ਰਭਾਵਿਤ ਤੱਤਾਂ ਕਾਰਨ ਪਾਣੀ ਦੀ ਗੁਣਵੱਤਾ ਵਿੱਚ ਗਿਰਾਵਟ ਦੇ ਖਤਰੇ ਵਿੱਚ ਹਨ।

**ਨੋਟਿਸ:**
**ਡੇਟਾ ਸਰੋਤ:** ਰਾਜ ਜਲ ਬੋਰਡ 2023 ਜਲਭੰਡਾਰ ਜੋਖ਼ਮ ਦਾ ਨਕਸ਼ਾ
**ਘਟਕ:** ਆਰਸੈਨਿਕ, ਹੈਕਸਾਵੈਲੈਂਟ ਕ੍ਰੋਮੀਅਮ, ਨਾਈਟ੍ਰੇਟ, 1,2,3-TCP, ਯੂਰੇਨੀਅਮ
**ਖੂਹ ਦੀ ਘਣਤਾ:** DWR OSWCR ਖੂਹ ਦੇ ਟਿਕਾਣਿਆਂ 'ਤੇ ਆਧਾਰਿਤ
**ਜੋਖ਼ਮ:** (1) 80% (ਮੱਧਮ) ਜਾਂ 100% (ਉੱਚ) MCL ਜਾਂ (2) ਲੰਬੇ ਸਮੇਂ ਦੇ ਡੇਟਾ **MCL** – ਅਧਿਕਤਮ ਦੂਸ਼ਿਤ ਪੱਧਰ ਦੇ ਇੱਕ ਰੁਝਾਨ ਵਿਸ਼ਲੇਸ਼ਣ ਤੋਂ ਨਿਰਧਾਰਤ ਕੀਤਾ ਗਿਆ ਹੈ

# ਕਮੀਆਂ – ਧਰਤੀ ਹੇਠਲੇ ਪਾਣੀ ਦੀ ਗੁਣਵੱਤਾ

| | ਕਮੀ | ਸੰਭਾਵੀ ਕਾਰਵਾਈ |
|---|---|---|
| ✖ | 1a. ਅਣਚਾਹੇ ਨਤੀਜਿਆਂ ਦੀਆਂ ਪਰਿਭਾਸ਼ਾਵਾਂ ਲਾਭਦਾਇਕ ਵਰਤੋਂ ਅਤੇ ਉਪਭੋਗਤਾਵਾਂ ਦੀ ਰੱਖਿਆ ਨਹੀਂ ਕਰਦੀਆਂ। | ਢੁਕਵੀਂ ਸੁਰੱਖਿਆ ਵਾਲੇ ਗਿਣਾਤਮਕ ਅਣਚਾਹੇ ਨਤੀਜੇ (ਘੱਟੋ-ਘੱਟ ਸੀਮਾ ਤੋਂ ਵੱਧ ਦਾ ਸੁਮੇਲ) ਵਿਕਸਿਤ ਕਰੋ। |
| ✖ | 1b. GSPs ਵਿੱਚ ਇਸ ਬਾਰੇ ਮਹੱਤਵਪੂਰਨ ਜਾਣਕਾਰੀ ਨਹੀਂ ਹੈ ਕਿ GSAs ਇਹ ਕਿਵੇਂ ਨਿਰਧਾਰਿਤ ਕਰਨਗੇ ਕਿ ਕੋਈ ਅਣਚਾਹਿਆ ਨਤੀਜਾ ਵਾਪਰਿਆ ਹੈ ਜਾਂ ਨਹੀਂ। | ਧਰਤੀ ਹੇਠਲੇ ਪਾਣੀ ਦੇ ਪ੍ਰਬੰਧਨ ਗਤੀਵਿਧੀਆਂ ਦੁਆਰਾ ਪਾਣੀ ਦੀ ਗੁਣਵੱਤਾ ਵਿੱਚ ਗਿਰਾਵਟ ਆਈ ਹੈ ਜਾਂ ਨਹੀਂ, ਇਹ ਨਿਰਧਾਰਿਤ ਕਰਨ ਲਈ ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਵੱਧ ਤੋਂ ਵੱਧ ਸਬੰਧਾਂ ਦਾ ਮੁਲਾਂਕਣ ਕਰੋ। |

# ਕਮੀਆਂ - ਧਰਤੀ ਹੇਠਲੇ ਪਾਣੀ ਦੀ ਗੁਣਵੱਤਾ, ਜਾਰੀ

| | ਕਮੀ | ਸੰਭਾਵੀ ਕਾਰਵਾਈ |
|---|---|---|
| ✗ | 2a. ਨਿਗਰਾਨੀ ਨੈੱਟਵਰਕ ਸਾਰੇ ਲਾਭਦਾਇਕ ਵਰਤੋਂ ਅਤੇ ਉਪਭੋਗਤਾਵਾਂ ਦੀ ਰੱਖਿਆ ਨਹੀਂ ਕਰਦਾ। | ਮੌਜੂਦਾ ਨਿਗਰਾਨੀ ਨੈੱਟਵਰਕ ਦਾ ਮੁਲਾਂਕਣ ਕਰੋ ਅਤੇ ਇਹ ਯਕੀਨੀ ਬਣਾਉਣ ਲਈ ਵਾਧੂ ਖੂਹ ਸ਼ਾਮਲ ਕਰੋ ਕਿ ਸਾਰੇ ਲਾਭਦਾਇਕ ਵਰਤੋਂ ਅਤੇ ਉਪਭੋਗਤਾਵਾਂ ਦੀ ਪ੍ਰਤੀਨਿਧਤਾ ਕੀਤੀ ਗਈ ਹੈ। |
| ✓ | 2b. ਪਾਣੀ ਦੀ ਗੁਣਵੱਤਾ ਦੀ ਜਾਂਚ ਕਰਨ ਦੀਆਂ ਬਾਰੰਬਾਰਤਾਵਾਂ ਕਈ ਵਾਰ ਨਾਕਾਫ਼ੀ ਹੁੰਦੀਆਂ ਹਨ। | ਅਗਲੇਰੀ ਕਾਰਵਾਈ ਦੀ ਲੋੜ ਨਹੀਂ ਹੈ। |
| ✗ | 2c. ਇਹ ਅਸਪਸ਼ਟ ਹੈ ਕਿ GSAs ਪ੍ਰੋਜੈਕਟਾਂ ਅਤੇ ਪ੍ਰਬੰਧਨ ਕਾਰਵਾਈਆਂ ਦੇ ਪ੍ਰਭਾਵਾਂ ਦਾ ਮੁਲਾਂਕਣ ਕਿਵੇਂ ਕਰਨਗੇ। | ਇਹ ਬਿਹਤਰ ਢੰਗ ਨਾਲ ਪਰਿਭਾਸ਼ਿਤ ਕਰੋ ਕਿ GSAs ਇਹ ਕਿਵੇਂ ਯਕੀਨੀ ਬਣਾਉਣਗੇ ਕਿ ਪ੍ਰੋਜੈਕਟ ਅਤੇ ਪ੍ਰਬੰਧਨ ਕਾਰਵਾਈਆਂ ਧਰਤੀ ਹੇਠਲੇ ਪਾਣੀ ਦੀ ਗੁਣਵੱਤਾ ਨੂੰ ਖਰਾਬ ਨਾ ਕਰਨ। |

# ਕਮੀਆਂ - ਧਰਤੀ ਹੇਠਲੇ ਪਾਣੀ ਦੀ ਗੁਣਵੱਤਾ, ਜਾਰੀ

| | ਕਮੀ | ਸੰਭਾਵੀ ਕਾਰਵਾਈ |
|---|---|---|
| ℹ | 3a. ਘੱਟੋ-ਘੱਟ ਸੀਮਾ ਤੋਂ ਵੱਧ ਹੋਣ ਤੋਂ ਬਾਅਦ ਪ੍ਰਬੰਧਨ ਕਾਰਵਾਈਆਂ ਲਾਭਦਾਇਕ ਵਰਤੋਂ ਅਤੇ ਉਪਭੋਗਤਾਵਾਂ ਦੀ ਰੱਖਿਆ ਨਹੀਂ ਕਰਦੀਆਂ। | ਇੱਕ ਵਿਧੀ ਵਿਕਸਿਤ ਕਰੋ ਤਾਂ ਜੋ ਇਹ ਨਿਰਧਾਰਿਤ ਕੀਤਾ ਜਾ ਸਕੇ ਕਿ ਕਿਸੇ ਸੀਮਾ ਤੋਂ ਵੱਧ ਹੋਣ ਦਾ ਕੀ ਪ੍ਰਭਾਵ ਪੈਂਦਾ ਹੈ ਅਤੇ ਸਪੱਸ਼ਟ ਕਰੋ ਕਿ ਜੇਕਰ ਘੱਟੋ-ਘੱਟ ਸੀਮਾ ਤੋਂ ਵੱਧ ਹੋਣ ਦੀ ਘਟਨਾ ਵਾਪਰਦੀ ਹੈ ਤਾਂ ਲੋਕਾਂ ਨੂੰ ਕਿਵੇਂ ਸੂਚਿਤ ਕੀਤਾ ਜਾਵੇਗਾ। |
| ℹ | 3b. ਖੂਹ ਮਿਟੀਗੇਸ਼ਨ ਯੋਜਨਾ ਪਾਣੀ ਦੀ ਗੁਣਵੱਤਾ ਵਿੱਚ ਗਿਰਾਵਟ ਦਾ ਹੱਲ ਨਹੀਂ ਕਰਦੀ। | ਖੂਹ ਪ੍ਰਭਾਵ ਮਿਟੀਗੇਸ਼ਨ ਯੋਜਨਾ (ਸੰਭਾਵੀ ਕਾਰਵਾਈ GL-2b) ਦੀ ਵਿਹਾਰਕਤਾ ਦਾ ਮੁੜ-ਮੁਲਾਂਕਣ ਕਰੋ। |
| | | |



# ਯੋਜਨਾ ਦੀਆਂ ਕਮੀਆਂ – ਪਾਣੀ

# ਆਪਸ ਵਿੱਚ ਜੁੜੇ ਸਤਹ ਦੇ ਪਾਣੀ ਦੀ ਕਮੀ

## ਸੰਭਾਵੀ ਨਤੀਜੇ

- ਮਨੁੱਖੀ ਵਰਤੋਂ ਲਈ ਉਪਲਬਧ ਸਤਹ ਵਾਲੇ ਪਾਣੀ ਨੂੰ ਘਟਾਉਂਦਾ ਹੈ
- ਰਿਹਾਇਸ਼ ਅਤੇ ਜੰਗਲੀ ਜੀਵਣ ਨੂੰ ਕਾਫ਼ੀ ਹੱਦ ਤੱਕ ਬਦਲਦਾ/ਨੁਕਸਾਨ ਪਹੁੰਚਾਉਂਦਾ ਹੈ
- ਮਨੋਰੰਜਨ ਨੂੰ ਖ਼ਤਰੇ ਵਿੱਚ ਪਾਉਂਦਾ ਹੈ: ਮੱਛੀ ਫੜਨਾ, ਸ਼ਿਕਾਰ ਕਰਨਾ

# ਕਮੀਆਂ – ਆਪਸ ਵਿੱਚ ਜੁੜਿਆ ਸਤਹ ਵਾਲਾ ਪਾਣੀ

| | ਕਮੀ | ਸੰਭਾਵੀ ਕਾਰਵਾਈ |
|---|---|---|
| ✓ | 1. ਅਣਚਾਹੇ ਨਤੀਜਿਆਂ ਅਤੇ ਟਿਕਾਊ ਪ੍ਰਬੰਧਨ ਮਾਪਦੰਡਾਂ ਦਾ ਤਾਲਮੇਲ ਨਹੀਂ ਕੀਤਾ ਜਾਂਦਾ। | ਅਗਲੇਰੀ ਕਾਰਵਾਈ ਦੀ ਲੋੜ ਨਹੀਂ ਹੈ। |
| ✓ | 2. GSAs ਇਹ ਢੁਕਵੇਂ ਰੂਪ ਵਿੱਚ ਨਹੀਂ ਦਿਖਾਉਂਦੇ ਕਿ ਅਣਚਾਹੇ ਨਤੀਜੇ ਮੌਜੂਦ ਨਹੀਂ ਹਨ ਅਤੇ ਹੋਣ ਦੀ ਸੰਭਾਵਨਾ ਨਹੀਂ ਹੈ। | ਅਗਲੇਰੀ ਕਾਰਵਾਈ ਦੀ ਲੋੜ ਨਹੀਂ ਹੈ।<br><br>*ਸੰਭਾਵੀ ਵਿਚਾਰ:*<br>*ਸਬਬੇਸਿਨ ਵਿੱਚ ਸੰਭਾਵੀ ਆਪਸ ਵਿੱਚ ਜੁੜੇ ਸਤਹ ਵਾਲੇ ਪਾਣੀ ਦਾ ਮੁਲਾਂਕਣ ਕਰਨ ਲਈ ਉਪਲਬਧ ਵਧੀਆ ਜਾਣਕਾਰੀ ਦੀ ਵਰਤੋਂ ਕਰਨਾ ਜਾਰੀ ਰੱਖੋ।* |

# ਉਪ-ਬੇਸਿਨ ਸਥਿਤੀ ਅੱਪਡੇਟ

**ਬੋਰਡ ਸਟਾਫ - GSAs ਮੀਟਿੰਗਾਂ**

- ਅੰਤਿਮ ਸਟਾਫ ਰਿਪੋਰਟ ਵਿੱਚ ਦੱਸੀਆਂ ਗਈਆਂ ਕਮੀਆਂ 'ਤੇ ਚਰਚਾ ਕਰਨ ਲਈ ਮੀਟਿੰਗਾਂ ਕੀਤੀਆਂ ਗਈਆਂ।
- GSAs ਨੇ ਕਮੀਆਂ ਨੂੰ ਦੂਰ ਕਰਨ ਲਈ ਸੰਭਾਵੀ ਕਾਰਵਾਈਆਂ ਦਾ ਪ੍ਰਸਤਾਵ ਦਿੱਤਾ।


ਸਟਾਫ ਦੀਆਂ ਸਿਫਾਰਸ਼ਾਂ
ਕੇਰਨ ਕਾਉਂਟੀ ਸਬਬੇਸਿਨ ਲਈ

# ਸਟਾਫ ਦੀਆਂ ਸਿਫਾਰਸ਼ਾਂ

## ਵਿਚਾਰ ਲਈ ਦੋ ਵਿਕਲਪ:

ਵਿਕਲਪ 1: ਸਬਬੇਸਿਨ ਨੂੰ ਪ੍ਰੋਬੇਸ਼ਨਰੀ ਵਜੋਂ ਨਾਮਜ਼ਦ ਕਰੋ

ਵਿਕਲਪ 2: GSAs ਨੂੰ ਕਮੀਆਂ ਨੂੰ ਦੂਰ ਕਰਨ ਲਈ ਥੋੜ੍ਹਾ ਹੋਰ ਵਾਧੂ ਸਮਾਂ ਦਿਓ ਅਤੇ ਬਾਅਦ ਦੀ ਤਰੀਖ 'ਤੇ ਸੁਣਵਾਈ ਜਾਰੀ ਰੱਖੋ

# ਸਟਾਫ ਦੀਆਂ ਸਿਫਾਰਸ਼ਾਂ

## ਵਿਕਲਪ 1 - ਬੇਸਿਨ ਨੂੰ ਪ੍ਰੋਬੇਸ਼ਨਰੀ ਵਜੋਂ ਨਾਮਜ਼ਦ ਕਰੋ।

**2024 ਦੀਆਂ ਯੋਜਨਾਵਾਂ ਉਹਨਾਂ ਲੋਕਾਂ 'ਤੇ ਮਹੱਤਵਪੂਰਨ ਪ੍ਰਭਾਵ ਪਾਉਣਗੀਆਂ, ਜੋ ਇਹਨਾਂ 'ਤੇ ਭਰੋਸਾ ਕਰਦੇ ਹਨ:**

- ਪੀਣ ਵਾਲੇ ਪਾਣੀ ਦੇ ਖੂਹ
- ਨਾਜ਼ੁਕ ਬੁਨਿਆਦੀ ਢਾਂਚਾ (ਉਦਾਹਰਣਾਂ: ਕੈਲੀਫੋਰਨੀਆ ਜਲ-ਭੰਡਾਰ, ਫ੍ਰੀਐਂਟ-ਕੇਰਨ ਨਹਿਰ)
- ਜਲਭੰਡਾਰ ਪ੍ਰਣਾਲੀ ਆਪਣੇ ਆਪ ਵਿੱਚ

**2024 ਦੀਆਂ ਯੋਜਨਾਵਾਂ ਬਹੁਤ ਸਾਰੀਆਂ ਕਮੀਆਂ ਨੂੰ ਦੂਰ ਕਰਦੀਆਂ ਹਨ, ਪਰ ਮੁੱਖ ਕਮੀਆਂ ਅਜੇ ਵੀ ਬਾਕੀ ਹਨ।**

**ਕਮੀਆਂ ਦੇ ਦੂਰ ਹੋਣ ਤੱਕ ਸਬਬੇਸਿਨ ਨੂੰ ਪ੍ਰੋਬੇਸ਼ਨਰੀ ਵਜੋਂ ਨਾਮਜ਼ਦ ਕਰੋ।**

# ਸਟਾਫ ਦੀਆਂ ਸਿਫਾਰਸ਼ਾਂ
## ਵਿਕਲਪ 1 - ਬਾਹਰ ਰੱਖਣ

**ਦੋ ਕਿਸਮ ਦੇ "ਬਾਹਰ ਰੱਖਣ" ਸੰਭਵ ਹਨ: (1) ਪ੍ਰੋਬੇਸ਼ਨ ਤੋਂ ਬਾਹਰ ਰੱਖਣ, ਅਤੇ (2) ਰਿਪੋਰਟ ਕਰਨ ਅਤੇ ਫ਼ੀਸ ਤੋਂ ਬਾਹਰ ਰੱਖਣ**

| ਪ੍ਰੋਬੇਸ਼ਨ ਤੋਂ ਬਾਹਰ ਰੱਖਣ (ਜਲ ਕੋਡ 10735.2 (e)) | ਰਿਪੋਰਟ ਕਰਨ ਅਤੇ ਫ਼ੀਸ ਤੋਂ ਬਾਹਰ ਰੱਖਣ (ਜਲ ਕੋਡ 10735.2 (c)) |
| --- | --- |
| • ਬੇਸਿਨ ਦੇ ਇੱਕ ਹਿੱਸੇ ਨੂੰ ਪ੍ਰੋਬੇਸ਼ਨ ਤੋਂ ਬਾਹਰ ਕੱਢਦੀ ਹੈ<br>• ਸਥਿਰਤਾ ਟੀਚੇ ਨਾਲ ਪਾਲਣਾ ਦਾ ਪ੍ਰਦਰਸ਼ਨ ਕਰਨ ਦੀ ਜ਼ਰੂਰਤ ਹੈ:<br>  • ਇੱਕ GSP ਦੀ ਹੋਂਦ ਅਤੇ ਲਾਗੂ ਕਰਨਾ<br>  • GSP ਅਣਚਾਹੇ ਨਤੀਜਿਆਂ ਨੂੰ ਚੰਗੀ ਤਰ੍ਹਾਂ ਪਰਿਭਾਸ਼ਿਤ ਕਰਦਾ ਹੈ ਅਤੇ ਨਿਗਰਾਨੀ ਕਰਦਾ ਹੈ<br>  • ਅਜਿਹੀਆਂ ਕਾਰਵਾਈਆਂ ਨੂੰ ਲਾਗੂ ਕਰਨਾ, ਜੋ ਇਹ ਯਕੀਨੀ ਬਣਾਉਂਦੀਆਂ ਹਨ ਕਿ ਬੇਸਿਨ ਦਾ ਹਿੱਸਾ ਸਥਿਰ ਉਪਜ ਦੇ ਅੰਦਰ ਕੰਮ ਕਰਦਾ ਹੈ | • ਰਿਪੋਰਟ ਕਰਨ ਅਤੇ ਫ਼ੀਸ ਦੀਆਂ ਜ਼ਰੂਰਤਾਂ ਤੋਂ ਕੱਢਣ ਨੂੰ ਬਾਹਰ ਰੱਖਿਆ ਜਾਂਦਾ ਹੈ<br>• ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ:<br>  • ਬੇਸਿਨ ਦੀ ਨਿਕਾਸੀ 'ਤੇ ਘੱਟ ਤੋਂ ਘੱਟ ਪ੍ਰਭਾਵ<br>  • ਇੱਕ ਸਥਾਨਕ ਯੋਜਨਾ ਜਾਂ ਪ੍ਰੋਗਰਾਮ ਦੇ ਅਧੀਨ ਜੋ ਧਰਤੀ ਹੇਠਲੇ ਪਾਣੀ ਦਾ ਢੁਕਵੇਂ ਰੂਪ ਵਿੱਚ ਪ੍ਰਬੰਧਨ ਕਰਦਾ ਹੈ (ਉਦਾਹਰਣਾਂ: ਸੰਤੁਲਿਤ ਪਾਣੀ ਦਾ ਬਜਟ, ਮੰਗ ਪ੍ਰਬੰਧਨ, ਖੁਸ਼ਕ ਸਥਿਤੀਆਂ ਲਈ ਸੰਕਟਕਾਲੀਨ ਉਪਾਅ) |

# ਸਟਾਫ ਦੀਆਂ ਸਿਫਾਰਸ਼ਾਂ
## ਵਿਕਲਪ 1 - ਬਾਹਰ ਰੱਖਣ

- ਪ੍ਰੋਬੇਸ਼ਨ ਤੋਂ ਬਾਹਰ ਰੱਖਣ: ਕੋਈ ਵੀ ਨਹੀਂ
- ਰਿਪੋਰਟ ਕਰਨ ਅਤੇ ਫ਼ੀਸ ਤੋਂ ਬਾਹਰ ਰੱਖਣ :
- ਕੇਰਨ-ਟੂਲਾਰੇ ਜਲ ਜ਼ਿਲ੍ਹਾ GSA
  - ਇੱਕ ਆਮ ਤੌਰ 'ਤੇ ਸੰਤੁਲਿਤ ਪਾਣੀ ਦਾ ਬਜਟ ਜਾਪਦਾ ਹੈ
  - ਸਾਰੇ ਖੂਹਾਂ ਨੂੰ ਰਜਿਸਟਰ ਕਰਦਾ ਹੈ ਅਤੇ ਮੀਟਰ ਲਗਾਉਂਦਾ ਹੈ
  - ਜਦੋਂ ਜ਼ਰੂਰੀ ਹੋਵੇ ਤਾਂ ਪਾਣੀ ਕੱਢਣ ਨੂੰ ਘਟਾਉਣ ਲਈ ਇੱਕ ਲਚਕਦਾਰ ਫ਼ੀਸ ਸਾਰਣੀ ਲਾਗੂ ਕਰਦਾ ਹੈ

# ਸਟਾਫ ਦੀਆਂ ਸਿਫਾਰਸ਼ਾਂ
## ਵਿਕਲਪ 1 - ਪਾਣੀ ਕੱਢਣ ਦੀ ਰਿਪੋਰਟ ਕਰਨ ਸੰਬੰਧੀ ਲੋੜਾਂ

**ਜੇਕਰ ਅੱਜ ਸਬਬੇਸਿਨ ਨੂੰ ਪ੍ਰੋਬੇਸ਼ਨਰੀ ਵਜੋਂ ਨਾਮਜ਼ਦ ਕੀਤਾ ਜਾਂਦਾ ਹੈ:**

- ਧਰਤੀ ਹੇਠਲੇ ਪਾਣੀ ਨੂੰ ਕੱਢਣ ਵਾਲੇ ਸਾਰੇ ਲੋਕਾਂ (ਜਦੋਂ ਤੱਕ ਕਿ ਬਾਹਰ ਨਾ ਕੀਤਾ ਗਿਆ ਹੋਵੇ*) ਨੂੰ ਰਿਪੋਰਟ ਕਰਨੀ ਚਾਹੀਦੀ ਹੈ:
  - ☑ ਖੂਹ ਦਾ ਟਿਕਾਣਾ ਅਤੇ ਸਮਰੱਥਾ
  - ☑ ਹਰ ਮਹੀਨੇ ਕੱਢੇ ਜਾਣ ਵਾਲੀ ਪਾਣੀ ਦੀ ਮਾਤਰਾ
  - ☑ ਵਰਤੋਂ ਦਾ ਸਥਾਨ ਅਤੇ ਉਦੇਸ਼
- 1 ਜੂਨ, 2025 ਤੋਂ ਰਿਕਾਰਡਿੰਗ ਸ਼ੁਰੂ ਕਰੋ, ਜਦੋਂ ਤੱਕ ਕਿ ਬੋਰਡ ਕੋਈ ਹੋਰ ਤਰੀਕ ਨਿਰਧਾਰਤ ਨਹੀਂ ਕਰਦਾ
- 1 ਫਰਵਰੀ, 2026 ਤੋਂ ਸ਼ੁਰੂ ਹੋਣ ਵਾਲੀਆਂ ਸਾਲਾਨਾ ਰਿਪੋਰਟਾਂ

*ਘੱਟੋ-ਘੱਟ (2 ਏਕੜ-ਫੀਟ ਪ੍ਰਤੀ ਸਾਲ ਜਾਂ ਘੱਟ) ਘਰੇਲੂ ਖੂਹ ਉਪਭੋਗਤਾਵਾਂ ਨੂੰ ਰਿਪੋਰਟ ਕਰਨ ਅਤੇ ਫੀਸਾਂ ਤੋਂ ਬਾਹਰ ਰੱਖੋ

# ਸਟਾਫ ਦੀਆਂ ਸਿਫਾਰਸ਼ਾਂ

## ਵਿਕਲਪ 1 - ਪਾਣੀ ਕੱਢਣ ਦੀ ਰਿਪੋਰਟ ਕਰਨ ਸੰਬੰਧੀ ਲੋੜਾਂ

**ਜੇਕਰ ਬੋਰਡ ਸਬਬੇਸਿਨ ਨੂੰ ਪ੍ਰੋਬੇਸ਼ਨ 'ਤੇ ਰੱਖਦਾ ਹੈ:**

- ਜਿਹੜੇ ਲੋਕ ਪ੍ਰਤੀ ਸਾਲ 500 ਏਕੜ-ਫੁੱਟ ਤੋਂ ਵੱਧ ਕੱਢਦੇ ਹਨ, ਉਹ ਇੱਕ ਪ੍ਰਮਾਣਿਤ ਮੀਟਰ ਨਾਲ ਕੱਢਣ ਨੂੰ ਮਾਪਦੇ ਹਨ
- ਜਿਹੜੇ ਲੋਕ ਕੈਲੀਫੋਰਨੀਆ ਜਲ-ਭੰਡਾਰ ਅਤੇ ਫ੍ਰੀਐਂਟ-ਕੇਰਨ ਨਦੀ ਜ਼ਮੀਨ-ਧਸਣ ਪ੍ਰਬੰਧਨ ਖੇਤਰਾਂ ਦੇ ਅੰਦਰੋਂ ਪਾਣੀ ਕੱਢਦੇ ਹਨ, ਉਹ ਇੱਕ ਪ੍ਰਮਾਣਿਤ ਮੀਟਰ ਨਾਲ ਪਾਣੀ-ਕੱਢਣ ਨੂੰ ਮਾਪਦੇ ਹਨ

# ਪ੍ਰੋਬੇਸ਼ਨਰੀ ਪਾਣੀ ਕੱਢਣ ਦੀ ਰਿਪੋਰਟ ਕਰਨ ਫੀਸਾਂ

**ਜੇਕਰ ਬੋਰਡ ਅੱਜ ਸਬਬੇਸਿਨ ਨੂੰ ਪ੍ਰੋਬੇਸ਼ਨ 'ਤੇ ਰੱਖਦਾ ਹੈ,**
**1 ਜੂਨ, 2025 ਤੋਂ ਸ਼ੁਰੂ ਹੋਣ ਵਾਲੇ ਧਰਤੀ ਹੇਠਲੇ ਪਾਣੀ ਕੱਢਣ ਲਈ:**

**ਬੇਸ ਫੀਸ** + **ਵੌਲਿਊਮੈਟ੍ਰਿਕ ਦਰ**

**$300 ਪ੍ਰਤੀ ਖੂਹ ਪ੍ਰਤੀ ਸਾਲ**

**$20 ਪ੍ਰਤੀ ਏਕੜ-ਫੁੱਟ ਕੱਢੇ ਗਏ ਪਾਣੀ ਲਈ**

**ਦੇਰੀ ਨਾਲ ਰਿਪੋਰਟ ਕਰਨ ਫੀਸ: 25% ਪ੍ਰਤੀ ਮਹੀਨਾ ਦੇਰੀ ਨਾਲ**

ਪਛੜੇ ਭਾਈਚਾਰਿਆਂ ਅਤੇ ਘੱਟ ਆਮਦਨੀ ਵਾਲੇ ਵਸਨੀਕਾਂ ਦੀ ਸੇਵਾ ਕਰਨ ਵਾਲੇ ਜਲ ਪ੍ਰਣਾਲੀਆਂ ਅਤੇ ਸਕੂਲਾਂ ਲਈ ਫ਼ੀਸ ਮੁਆਫ਼ੀ ਉਪਲਬਧ ਹੈ

# ਸਟਾਫ ਦੀਆਂ ਸਿਫਾਰਸ਼ਾਂ

## ਵਿਕਲਪ 2 - GSAs ਦੀਆਂ ਕਮੀਆਂ ਨੂੰ ਦੂਰ ਕਰਨ ਲਈ ਹੋਰ ਸਮਾਂ

**ਰਾਜ ਜਲ ਬੋਰਡ ਇਸ ਸੁਣਵਾਈ ਨੂੰ ਬਾਅਦ ਦੀ ਤਰੀਕ ਲਈ ਜਾਰੀ ਰੱਖਦਾ ਹੈ:**

- ਪਛਾਣੀਆਂ ਗਈਆਂ ਕਮੀਆਂ ਨੂੰ ਦੂਰ ਕਰਨ ਵਾਲੇ ਨਵੇਂ ਡਰਾਫਟ GSPs ਬੋਰਡ ਦੁਆਰਾ ਸਮੀਖਿਆ ਲਈ **20 ਜੂਨ, 2025** ਤੱਕ ਪ੍ਰਦਾਨ ਕੀਤੇ ਜਾਣਗੇ
- ਮੁਲਤਵੀ ਸੁਣਵਾਈ ਦੀ ਮਿਤੀ (ਹੇਠਾਂ) ਤੋਂ ਪਹਿਲਾਂ ਅਪਣਾਏ ਗਏ GSPs
- ਪ੍ਰੋਬੇਸ਼ਨਰੀ ਸੁਣਵਾਈ ਜਾਰੀ ਰਹਿੰਦੀ ਹੈ: **17 ਸਤੰਬਰ, 2025**

# ਅਗਲੇ ਕਦਮ

## ਹਰੇਕ ਵਿਕਲਪ ਦਾ ਕੀ ਮਤਲਬ ਹੈ:

| ਵਿਕਲਪ 1 | ਵਿਕਲਪ 2 |
|---|---|
| • ਬੋਰਡ ਤੱਥਾਂ ਅਤੇ ਪਰਖ ਨਿਯੁਕਤੀਆਂ ਦੇ ਨਾਲ ਇੱਕ ਡਰਾਫਟ ਮਤਾ ਅਪਣਾਉਂਦਾ ਹੈ<br>• ਬੋਰਡ ਕਮੀਆਂ ਅਤੇ ਸੰਭਾਵੀ ਕਾਰਵਾਈਆਂ ਨੂੰ ਅਪਣਾਉਂਦਾ ਹੈ<br>• ਬੋਰਡ ਰਿਪੋਰਟ ਕਰਨ ਲੋੜਾਂ (ਡੀ ਮਿਨੀਮਿਸ ਛੋਟ) ਨੂੰ ਅਪਣਾਉਂਦਾ ਹੈ<br>• ਬੋਰਡ ਕਾਰਜਕਾਰੀ ਨਿਰਦੇਸ਼ਕ ਨੂੰ ਸੀਮਤ ਸੋਧ ਅਧਿਕਾਰ ਸੌਂਪਦਾ ਹੈ<br>• ਬੋਰਡ ਸਟਾਫ ਨੂੰ ਨਿਰਦੇਸ਼ ਦਿੰਦਾ ਹੈ ਕਿ ਉਹ ਬੋਰਡ ਦੁਆਰਾ ਮਤੇ ਵਿੱਚ ਕਿਸੇ ਵੀ ਤਬਦੀਲੀ 'ਤੇ ਵਿਚਾਰ ਕਰਨ ਤੋਂ ਪਹਿਲਾਂ ਘੱਟੋ-ਘੱਟ 30 ਦਿਨਾਂ ਦਾ ਨੋਟਿਸ ਅਤੇ ਜਨਤਕ ਟਿੱਪਣੀ ਦਾ ਮੌਕਾ ਪ੍ਰਦਾਨ ਕਰਨ | • ਬੋਰਡ ਅੱਜ ਕੋਈ ਅੰਤਿਮ ਕਾਰਵਾਈ ਨਹੀਂ ਕਰਦਾ<br>• ਬੋਰਡ ਇਸ ਸੁਣਵਾਈ ਨੂੰ 17 ਸਤੰਬਰ, 2025 ਤੱਕ ਮੁਲਤਵੀ ਕਰਦਾ ਹੈ<br>• ਬੋਰਡ ਸਿਫ਼ਾਰਸ਼ ਕਰਦਾ ਹੈ ਕਿ GSAs ਕਮੀਆਂ ਨੂੰ ਦੂਰ ਕਰਨ ਅਤੇ 20 ਜੂਨ, 2025 ਤੱਕ ਸੋਧੇ ਹੋਏ ਡਰਾਫਟ GSPs ਜਮ੍ਹਾਂ ਕਰਵਾਉਣ<br>• ਬੋਰਡ ਸਿਫ਼ਾਰਸ਼ ਕਰਦਾ ਹੈ ਕਿ GSAs ਬਾਅਦ ਵਿੱਚ ਜਮ੍ਹਾਂ ਕਰਵਾਏ ਗਏ ਡਰਾਫਟ GSPs ਨੂੰ ਬੋਰਡ ਸਟਾਫ ਦੁਆਰਾ ਪਛਾਣੀਆਂ ਗਈਆਂ ਕਿਸੇ ਵੀ ਜ਼ਰੂਰੀ ਤਬਦੀਲੀ ਦੇ ਨਾਲ ਅਪਣਾਉਣ ਜੋ ਬਾਕੀ ਕਮੀਆਂ ਨੂੰ ਦੂਰ ਕਰਨ ਲਈ ਲੋੜੀਂਦੀਆਂ ਹੋ ਸਕਦੀਆਂ ਹਨ |

# ਅਗਲੇ ਕਦਮ

## GSAs ਯੋਜਨਾ ਦੀਆਂ ਕਮੀਆਂ ਨੂੰ ਦੂਰ ਕਰਨ ਲਈ ਕੰਮ ਕਰਨਾ ਜਾਰੀ ਰੱਖਦੀਆਂ ਹਨ

- ਬੋਰਡ 2024 ਦੇ ਅੰਤਿਮ GSP(s) ਦੀ ਸਮੀਖਿਆ ਪੂਰੀ ਕਰਦਾ ਹੈ ਅਤੇ ਸਟਾਫ ਫੀਡਬੈਕ ਪ੍ਰਦਾਨ ਕਰਦਾ ਹੈ
- ਸਮੀਖਿਆ ਚੱਲ ਰਹੀ ਹੋਣ ਦੇ ਦੌਰਾਨ GSAs ਨਾਲੋ-ਨਾਲ ਢੁਕਵੀਆਂ ਸੰਭਾਵੀ ਕਾਰਵਾਈਆਂ ਜਾਂ ਇਸੇ ਤਰ੍ਹਾਂ ਦੀਆਂ ਪ੍ਰਭਾਵੀ ਕਾਰਵਾਈਆਂ ਕਰਦੇ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਲੋੜੀਂਦੀਆਂ ਕਾਰਵਾਈਆਂ ਵਿੱਚ ਦੇਰੀ ਨਾ ਹੋ ਜਾਵੇ
- ਪ੍ਰਗਤੀ ਬਾਰੇ ਚਰਚਾ ਕਰਨ ਲਈ ਬੋਰਡ ਸਟਾਫ਼ ਨੂੰ ਮਿਲੋ
- ਮੁਲਾਂਕਣ ਲਈ ਬੋਰਡ ਨੂੰ ਸੰਧਿਆ ਹੋਇਆ GSP ਜਮ੍ਹਾਂ ਕਰੋ
- ਬੋਰਡ ਸੋਧੀਆਂ ਗਈਆਂ ਯੋਜਨਾਵਾਂ ਦਾ ਮੁਲਾਂਕਣ ਕਰਦਾ ਹੈ
- GSAs ਬੋਰਡ ਸਟਾਫ ਦੁਆਰਾ ਪਛਾਣੀਆਂ ਗਈਆਂ ਤਬਦੀਲੀਆਂ ਕਰਦੇ ਹਨ ਜੋ ਬਾਕੀ ਕਮੀਆਂ ਨੂੰ ਦੂਰ ਕਰਨ ਲਈ ਲੋੜੀਂਦੀਆਂ ਹੋ ਸਕਦੀਆਂ ਹਨ, ਜਾਂ ਇਸੇ ਤਰ੍ਹਾਂ ਦੀਆਂ ਪ੍ਰਭਾਵੀ ਕਾਰਵਾਈਆਂ ਕਰਦੇ ਹਨ
- GSAs ਸੋਧੇ ਹੋਏ GSPs ਨੂੰ ਅਪਣਾਉਂਦੇ ਹਨ

# ਰਾਜ ਦੇ ਦਖਲ ਨੂੰ ਖਤਮ ਕਰਨ ਲਈ ਬੋਰਡ ਦੇ ਵਿਚਾਰ

**ਬੋਰਡ ਕਿਸੇ ਵੀ ਮੁੜ-ਜਮ੍ਹਾਂ ਕੀਤੀ ਗਈ ਯੋਜਨਾ (ਵਾਂ) ਦਾ ਮੁਲਾਂਕਣ ਕਰਦਾ ਹੈ**

ਜੇਕਰ (1) ਕਮੀਆਂ ਦਾ ਹੱਲ ਹੋ ਜਾਂਦਾ ਹੈ ਅਤੇ (2) GSAs ਸਬਬੇਸਿਨ ਦੇ ਸਥਿਰਤਾ ਟੀਚੇ ਨੂੰ ਪ੍ਰਾਪਤ ਕਰਨ ਦੇ ਰਾਹ 'ਤੇ ਹਨ:

- ਸਟਾਫ ਸਿਫ਼ਾਰਸ਼ ਕਰੇਗਾ ਕਿ ਬੋਰਡ ਰਾਜ ਦੀ ਦਖਲਅੰਦਾਜ਼ੀ ਨੂੰ ਖ਼ਤਮ ਕਰੇ
- ਬੇਸਿਨ ਦੀ ਨਿਗਰਾਨੀ ਫਿਰ DWR ਨੂੰ ਵਾਪਸ ਕਰ ਦਿੱਤੀ ਜਾਵੇਗੀ

# ਸਥਿਰ ਧਰਤੀ ਹੇਠਲੇ ਪਾਣੀ ਪ੍ਰਬੰਧਨ ਦਾ ਦਫ਼ਤਰ

SGMA@waterboards.ca.gov

www.waterboards.ca.gov/sgma



CALIFORNIA
Water Boards

# ਵਾਧੂ ਸਲਾਈਡਾਂ



# ਪੀਣ ਵਾਲੇ ਪਾਣੀ ਦੇ ਖੂਹਾਂ 'ਤੇ ਸੰਭਾਵੀ ਪ੍ਰਭਾਵ




ਚਿੱਤਰ ਸਰੋਤ: 2024 ਕੇਰਨ ਕਾਉਂਟੀ ਸਬਬੇਸਿਨ GSP ਤੋਂ ਬਾਅਦ ਸੋਧਿਆ ਗਿਆ

ਘਰੇਲੂ ਖੂਹ ਜੋ ਸੁੱਕ ਸਕਦੇ ਹਨ ਜੇਕਰ ਪ੍ਰਤੀਨਿਧ ਨਿਗਰਾਨੀ ਖੂਹ ਪਾਣੀ ਦੇ ਪੱਧਰ ਦੀ ਘੱਟੋ-ਘੱਟ ਸੀਮਾ ਤੱਕ ਪਹੁੰਚ ਜਾਂਦੇ ਹਨ:

- 307 ਖੂਹ (37%) ਜੇਕਰ ਸਾਰੇ ਨਿਗਰਾਨੀ ਖੂਹ ਘੱਟੋ-ਘੱਟ ਸੀਮਾ ਤੱਕ ਪਹੁੰਚ ਜਾਂਦੇ ਹਨ
- 267 ਖੂਹਾਂ ਤੱਕ (24%) ਜੇਕਰ 25% ਨਿਗਰਾਨੀ ਖੂਹ ਘੱਟੋ-ਘੱਟ ਸੀਮਾ (ਅਣਚਾਹਿਆ ਨਤੀਜਾ) ਤੱਕ ਪਹੁੰਚ ਜਾਂਦੇ ਹਨ
- ਪ੍ਰਤੀਸ਼ਤਤਾ 1118 "ਵਰਤੋਂ ਯੋਗ" ਖੂਹਾਂ 'ਤੇ ਅਧਾਰਤ ਹੈ ਜੋ ਕਿ:
  - 2015 ਤੋਂ ਪਹਿਲਾਂ ਜਿਨ੍ਹਾਂ ਵਿੱਚ ਪਾਣੀ ਖਤਮ ਨਹੀਂ ਹੋਇਆ ਸੀ ਅਤੇ
  - 1970 ਤੋਂ ਬਾਅਦ ਬਣਾਏ ਗਏ

# ਹਾਲ ਹੀ ਵਿੱਚ ਪਾਣੀ ਦੇ ਪੱਧਰ ਅਤੇ ਪਾਣੀ ਦਾ ਪੱਧਰ MT




## ਹਾਲ ਹੀ ਦੇ ਪਾਣੀ ਦੇ ਪੱਧਰਾਂ (2024-2025) ਅਤੇ 2024 ਵਿੱਚ ਪਾਣੀ ਦੇ ਪੱਧਰ ਦੀ ਘੱਟੋ ਘੱਟ ਸੀਮਾ ਵਿਚਕਾਰ ਅੰਤਰ

*(ਅੰਤਰ ਕਿਸੇ ਸਥਾਨ 'ਤੇ ਹਾਲ ਹੀ ਦੇ ਪਾਣੀ ਦੇ ਪੱਧਰ ਤੋਂ ਘੱਟੋ ਘੱਟ ਸੀਮਾ ਤੱਕ ਡੂੰਘਾਈ ਨੂੰ ਦਰਸਾਉਂਦਾ ਹੈ। ਇੱਕ ਨਕਾਰਾਤਮਕ ਮੁੱਲ ਦਰਸਾਉਂਦਾ ਹੈ ਕਿ ਹਾਲ ਹੀ ਦੌਰਾਨ ਪਾਣੀ ਦਾ ਪੱਧਰ ਉਸ ਸਥਾਨ 'ਤੇ ਘੱਟੋ ਘੱਟ ਸੀਮਾ ਤੋਂ ਡੂੰਘਾ ਹੈ)*

ਪਾਣੀ ਦੇ ਤਾਜ਼ਾ ਪੱਧਰ ਦੇ ਡਾਟੇ ਦਾ ਸਰੋਤ:
DWR ਦੁਆਰਾ ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਸਮੇਂ-ਸਮੇਂ 'ਤੇ ਕੀਤੇ ਗਏ ਮਾਪ